# ਵਾਹਿਗੁਰੂ ਜੀ ਕਾ ਖਾਲਸਾ ॥
# ਵਾਹਿਗੁਰੂ ਜੀ ਕੀ ਫਤਿਹ ॥

*ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥*
*ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥੪੬੬*

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਮੁਤਾਬਿਕ ਸਤਿਗੁਰੂ, ਅਕਾਲ ਪੁਰਖ ਦੀ ਉਹ ਹਸਤੀ/ਵਜੂਦ ਹੈ ਜੋ ਭਗਤੀ ਕਰਨ ਵਾਲੇ ਮਨੁੱਖ ਅਤੇ ਅਕਾਲ ਪੁਰਖ ਵਿਚਕਾਰ ਵਰਤ ਕੇ ਮਨੁੱਖ ਲਈ ਅਕਾਲ ਪੁਰਖ ਦੀ ਪ੍ਰਾਪਤੀ ਦਾ ਰਾਹ ਖੋਲਦੀ ਹੈ। ਜਿਉ ਜਿਉ ਮਨੁੱਖ ਹੋਰ ਮਿਹਨਤ ਮੁਸ਼ਕਤ ਨਾਲ ਭਗਤੀ ਕਰਦਾ ਹੈ ਤਿਉ ਤਿਉ ਇਹ ਰਸਤਾ ਹੋਰ ਵੀ ਸੁਖਾਲਾ ਹੁੰਦਾ ਜਾਂਦਾ ਹੈ ਅਤੇ ਜਨਮ ਜਨਮ ਦੇ ਪਾਪ ਕਟਦਾ ਹੋਇਆ, ਮੁਕਤੀ ਪਦ ਤੋਂ ਵੀ ਉਪਰ ਉਠ ਕੇ ਨਾਮੁ ਪਦਾਰਥ ਦੇ ਖਜਾਨੇ ਨੂੰ ਪ੍ਰਾਪਤ ਕਰਦਾ ਹੈ। ਉਪਰ ਦਿਤੀਆ ਬਾਣੀ ਦੀਆ ਤੁਕਾਂ, ਸਤਿਗੁਰੂ ਦੀ ਪਦ ਪਦਵੀ ਨੂੰ ਖੋਲਦੀਆਂ ਹਨ। ਸਤਿਗੁਰੂ ਤੋ ਬਿਨਾ ਅਕਾਲ ਪੁਰਖ ਨੂੰ ਨਾ ਹੀ ਕਿਸੇ ਨੇ ਪਾਇਆ ਹੈ ਅਤੇ ਨਾ ਹੀ ਪਾਏਗਾ। ਸਤਿਗੁਰੂ ਨੂੰ ਆਪਣੇ ਹਿਰਦੇ ਅੰਦਰ ਪ੍ਰਗਟ ਕਰਨ ਲਈ ਅਕਾਲ ਪੁਰਖ ਦੇ ਨਾਮੁ ਨੂੰ ਆਖਣਾ ਤੇ ਸੁਣਨਾ (ਸਬਦੁ-ਸੁਰਤ ਦੀ ਖੇਡ) ਜਰੂਰੀ ਹੈ। ਭਾਵ ਪ੍ਰੇਮਾ ਭਗਤੀ ਕਰਨਾ ਅਤਿਅੰਤ ਜਰੂਰੀ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਸਤਿਗੁਰੂ ਦੇ ਅਨੇਕਾ ਗੁਣਾਂ ਤੇ ਪਦ ਪਦਵੀ ਨੂੰ ਬਿਆਨ ਕੀਤਾ ਹੈ:- ਜਿਸ ਤਰਾਂ ਸਤਿਗੁਰੂ ਹੀ ਪੂਰਾ ਹੈ, ਸਤਿਗੁਰੂ ਦੀ ਦੇਹ ਨਹੀ ਹੈ, ਸਦਾ ਸਦਾ ਹੈ, ਜੁਗਾਂ ਜੁਗਾਂ ਤੋਂ ਹੈ, ਜਨਮ ਮਰਨ ਤੋਂ ਰਹਿਤ ਹੈ, ਗਿਆਨੁ ਸਰੂਪ ਹੈ, ਸਬਦੁ ਸਰੂਪ ਹੈ, ਜੋਤਿ ਸਰੂਪ ਹੈ, ਸਭ ਵਿਚ ਸਮਾਇਆ ਹੋਇਆ ਹੈ, ਦਰਗਾਹ ਦਾ ਵਿਚੋਲਾ (Intermediate Link ) ਹੈ, ਅਕਾਲ ਪੁਰਖ ਨੂੰ ਪਾਉਣ ਦਾ ਸਾਧਨ/ਬੋਹਿਥਾ (Vehicle/Channel to meet God) ਹੈ, ਆਦਿ।

ਗੁਰਬਾਣੀ ਵਿਚ ਸਤਿਗੁਰੂ ਨੂੰ ਕਈ ਨਾਵਾਂ ਨਾਲ ਸੰਬੋਧਨ ਕੀਤਾ ਹੈ ਜਿਵੇਂ:- ਸੱਜਣ, ਮਿਤ੍ਰ, ਬੇਲੀ, ਸੰਤੁ, ਸਾਧੁ, ਮਹਾਪੁਰਖੁ, ਆਦਿ। ਕਈ ਵਾਰੀ ਭੁਲੇਖਾ ਖਾ ਕੇ, ਲੋਕ ਦੇਹਧਾਰੀ ਸੰਤਾਂ ਸਾਧਾਂ ਨੂੰ ਸਤਿਗੁਰੂ ਸਮਝ ਕੇ ਦੇਹ ਦੀ ਪੂਜਾ ਕਰਨ ਲਗ ਪੈਂਦੇ ਹਨ। ਸਿੱਖ ਲਈ ਸਤਿਗੁਰੂ ਹੀ ਅਸਲੀ ਸਾਧ/ਸੰਤ ਹੈ। ਇਹ ਗੱਲ ਨੂੰ ਸਮਝਨਾ ਅਤਿਅੰਤ ਜਰੂਰੀ ਹੈ ਤਾਂ ਕਿ ਸਿੱਖੀ ਵਿਚ ਕੌੜੀ ਵੇਲ ਵਾਂਗੂ ਵਧ ਰਹੇ ਦੇਹਧਾਰੀ ਸਤਿਗੁਰੂ, ਸਾਧਾ, ਸੰਤਾਂ ਨੂੰ ਠੱਲ ਪਾਈ ਜਾ ਸਕੇ, ਜੋ ਕਿ ਆਪਣਾ ਹੀ ਗੁਰੂਡਮ ਚਲਾ ਕੇ ਲੋਕਾ ਨੂੰ ਭਰਮਾਈ ਫਿਰਦੇ ਹਨ। ਪੁਰਾਤਨ ਕਾਲ ਵਿਚ

ਕੋਈ ਵੀ ਗੁਰਸਿਖ ਆਪਣੇ ਆਪ ਨੂੰ ਸਤਿਗੁਰੂ, ਸਾਧ, ਸੰਤ ਨਹੀ ਸੀ ਅਖਵਾਉਦਾ। ਸਭ ਇਕ ਦੂਜੇ ਨੂੰ ਭਾਈ ਕਹਿ ਕੇ ਬੁਲਾਉਦੇ ਸੀ।

ਗੁਰਬਾਣੀ ਵਿਚ ਕਿਤੇ ਕਿਤੇ ਸੰਤ, ਸਾਧ ਦਾ ਲਫਜ ਅਕਾਲ ਪੁਰਖ ਲਈ ਵੀ ਵਰਤਿਆ ਹੈ।

*ਭਾਗੁ ਹੋਆ ਗੁਰਿ[1] ਸੰਤੁ[2] ਮਿਲਾਇਆ ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ੯੭*
੧ = ਗੁਰੁ ਨੇ
੨ = ਪ੍ਰਭੁ; ਅਕਾਲ ਪੁਰਖ

ਗੁਰਬਾਣੀ ਵਿਚ ਕਿਤੇ ਕਿਤੇ ਅਕਾਲ ਪੁਰਖ ਦੇ ਰਾਹ ਤੇ ਚਲਣ ਵਾਲੇ ਗੁਰਸਿਖਾਂ ਲਈ ਵੀ ਸੰਤ, ਸਾਧ ਦਾ ਲਫਜ ਵਰਤਿਆ ਹੈ। ਪਰ ਉਥੇ ਵੀ ਵਡਿਆਈ ਸਤਿਗੁਰੂ ਨੂੰ ਹੀ ਦਿਤੀ ਹੈ ਅਤੇ ਗੁਰਸਿੱਖ ਨੂੰ ਅਕਾਲ ਪੁਰਖ ਦੀ ਭਗਤੀ ਲਈ ਹੀ ਪ੍ਰੇਰਿਆ ਹੈ।

*ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ ॥੫੮੮*
*ਜਿਨ੍ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ ॥੧੨੬੪*

ਗੁਰਬਾਣੀ ਵਿਚ ਕਈ ਤੁਕਾਂ ਵਿਚ ਦੇਹਧਾਰੀ ਭੇਖੀ ਸਤਿਗੁਰੂਆਂ, ਸਾਧਾਂ ਸੰਤਾਂ ਨੂੰ ਠੱਗ ਵੀ ਆਖਿਆ ਹੈ ਜੋ ਕਿ ਆਪਣੇ ਸੁਆਰਥ ਲਈ ਭੋਲੇ ਭਾਲੇ ਲੋਕਾ ਨੂੰ ਆਦਮ ਪ੍ਰਸਤੀ, ਬੁੱਤ ਪ੍ਰਸਤੀ, ਅਤੇ ਕਈ ਹੋਰ ਹੀ ਪੂਜਾ ਅਤੇ ਕਰਮ ਕਾਡਾਂ ਵਲ ਲਾਉਂਦੇ ਹਨ।

*ਆਸਾ ॥ ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥*
*ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥*
*ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥ ੧ ॥*
*ਐਸੇ ਸੰਤ ਨ ਮੋ ਕਉ ਭਾਵਹਿ ॥*
*ਡਾਲਾ ਸਿਉ ਪੇਡਾ ਗਟਕਾਵਹਿ ॥ ੧ ॥ ਰਹਾਉ ॥੪੭੬*

*ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥*
*ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥*
*ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥ ੩ ॥੭੫੧*

"ਸਤਿਗੁਰ ਕੀ ਬਾਣੀ" ਸਾਨੂੰ ਮਾਂ ਵਾਗੂ ਲੋਰੀਆ ਦੇ ਕੇ, ਉਂਗਲ ਫੜਕੇ, ਕੁਰਾਹੇ ਪੈਣ ਤੋਂ ਖਬਰਦਾਰ ਕਰਦੀ ਹੋਈ, ਉਸ ਅਕਾਲ ਪੁਰਖ ਦੇ ਨਾਮ ਜਪਣ ਦੀ ਮਹੱਤਤਾ ਦਸਦੀ ਹੈ। ਸਾਨੂੰ ਗੁਰਸਿੱਖ ਬਣ ਕੇ, ਗਰੀਬੀ ਭਾਵ ਨਾਂਲ ਪ੍ਰੇਮਾ ਭਗਤੀ ਕਰਨ ਦਾ ਮਾਰਗ ਦਸਦੀ ਹੈ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚਾਰੀਏ ਤਾਂ ਸਹਿਜੇ ਹੀ ਭਗਤਾਂ ਅਤੇ ਗੁਰੂਆਂ ਦੀ ਦਿਤੀ ਸੇਧ ਦਾ ਪਤਾ ਚਲ ਜਾਂਦਾ ਹੈ ਕਿ ਸਿੱਖੀ ਵਿਚ ਗੁਰਸਿੱਖ ਬਣ ਕੇ ਵਿਚਰਨਾ ਹੀ ਸਾਡੇ ਲਈ ਲਾਹੇਵੰਦ ਹੈ ਅਤੇ ਗਰੀਬੀ ਭਾਵ ਰਖਣਾ ਹੀ ਗੁਰਸਿੱਖੀ ਦਾ ਪਹਿਲਾ ਨਿਯਮ ਹੈ।

*ਗੁਰਸਿਖ ਹਰਿ ਬੋਲਹੁ ਮੇਰੇ ਭਾਈ ॥*
*ਹਰਿ ਬੋਲਤ ਸਭ ਪਾਪ ਲਹਿ ਜਾਈ ॥ ੧ ॥ ਰਹਾਉ ॥੧੬੫*

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥੩੦੬*

*ਸਭ ਦੂ ਵਡੇ ਭਾਗ ਗੁਰਸਿਖਾ ਕੇ*
*ਜੋ ਗੁਰ ਚਰਣੀ ਸਿਖ ਪੜਤਿਆ ॥ ੧੮ ॥੬੪੯*

*ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥ ..........*
*ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥*
*.........ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥ ੨੨ ॥੧੪੨੪*

ਇਸ ਲਈ ਸਾਨੂੰ ਗੁਰਸਿੱਖ ਬਣ ਕੇ, ਗੁਰੂ ਵਾਲੇ ਹੋ ਕੇ (ਖੰਡੇ ਦੀ ਪਾਹੁੱਲ ਲੈ ਕੇ), ਸਿਰਫ ਅਕਾਲ ਪੁਰਖ ਦੀ ਹੀ ਭਗਤੀ ਕਰਨੀ ਚਾਹੀਦੀ ਹੈ।

ਗੁਰਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਵਡੇ ਵਡੇ ਖਿਤਾਬ ਦੇਣ ਤੇ ਲੈਣ ਵਾਲਿਆ ਦਾ ਹਾਲ ਲਿਖਦੀਆਂ ਹਨ:-

*ਸਲੋਕ ਮਃ ੧ ॥ ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥*
*ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥੧੨੮੬*

ਭਾਵ:- ਜਿਵੇਂ ਚੂਹੇ ਦੇ ਲੱਕ ਨਾਲ ਛੱਜ ਬੰਨਿਆ ਹੋਵੇ, ਉਹ ਖੁੱਡ ਵਿਚ ਨਹੀ ਵੜ ਸਕਦਾ, ਇਸੇ ਹੀ ਤਰ੍ਹਾਂ ਵਡੇ ਵਡੇ ਖਿਤਾਬ ਦੇਣ ਤੇ ਲੈਣ ਵਾਲੇ ਅਕਾਲ ਪੁਰਖ ਦੀ ਪ੍ਰਾਪਤੀ ਨਹੀ ਕਰ ਸਕਦੇ। ਗੁਰਸਿੱਖ ਨੂੰ ਨਿਮਾਣੇ ਰਹਿ ਕੇ ਗੁਰਬਾਣੀ ਤੇ ਅਮਲ ਕਰਨਾ ਚਾਹੀਦਾ ਹੈ।

ਇਸ ਪੇਪਰ ਵਿਚ ਅਸੀ, ਆਪਣੀ ਮੱਤ ਨੂੰ ਪਿਛੇ ਰੱਖਦੇ ਹੋਏ, ਸਿਰਫ ਸਤਿਗੁਰੂ ਦੀ ਬਾਣੀ ਨੂੰ ਬਾਣੀ ਰਾਹੀ ਹੀ ਵਿਚਾਰ ਕੇ, ਸਤਿਗੁਰੂ ਦੀ ਪਦ ਪਦਵੀ ਨੂੰ ਅਤੇ ਉਸ ਦੇ ਗੁਣਾ ਨੂੰ ਸਮਝਣ ਲਈ ਕੋਸ਼ਿਸ ਕੀਤੀ ਹੈ ਤਾਂ ਕਿ ਅਸੀ ਅਕਾਲ ਪੁਰਖ ਦੀ ਭਗਤੀ ਕਰਨ ਦੇ ਰਾਹ ਤੇ ਗੁਰਮਤਿ ਅਨੁਸਾਰ ਚਲ ਸਕੀਏ ਅਤੇ ਮਨੁੱਖਾ ਜਨਮ ਦਾ ਵਧ ਤੋ ਵਧ ਲਾਹਾ ਲੈ ਸਕੀਏ। ਮੱਤ ਕਿਤੇ ਇਸਤਰਾਂ ਦੇ ਸਤਿਗੁਰੂ ਨੂੰ ਛੱਡਕੇ ਅਗਿਆਨਤਾ ਵਿਚ ਕਿਸੇ ਹੋਰ ਦੇਹਧਾਰੀ ਸਤਿਗੁਰੂ, ਸਾਧ ਅਤੇ ਸੰਤ ਦੀ ਪੂਜਾ ਕਰਕੇ ਇਸ ਅਮੋਲਕ ਜਨਮ ਨੂੰ ਗੁਆ ਬੈਠੀਏ ।

*ਗਿਆਨ ਹੀਣੰ ਅਗਿਆਨ ਪੂਜਾ ॥*
*ਅੰਧ ਵਰਤਾਵਾ ਭਾਉ ਦੂਜਾ ॥ ੨੨ ॥੧੪੧੨*

*ਸਤਿਗੁਰੁ ਛੋਡਿ ਦੂਜੈ ਲਗੇ ਕਿਆ ਕਰਨਿ ਅਗੈ ਜਾਇ ॥*
*ਜਮ ਪੁਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥ ੩ ॥੯੯੪*

ਆਉ ਸਤਿਗੁਰੂ ਨੂੰ "ਸਤਿਗੁਰ ਕੀ ਬਾਣੀ" ਨਾਲ ਹੀ ਵੀਚਾਰੀਏ ਕਿ:-

- ਸਤਿਗੁਰੂ ਦੇ ਅੱਖਰੀ ਅਰਥ ਕੀ ਹਨ?
- ਕੀ ਸਤਿਗੁਰੂ ਹੀ ਅਸਲੀ ਸਾਧ, ਸੰਤ ਹੈ?
- ਕੀ ਸਿਰਫ ਸਤਿਗੁਰੂ ਹੀ ਅਕਾਲ ਪੁਰਖ ਨੂੰ ਪੂਰੀ ਤਰਾਂ ਜਾਣਨਹਾਰਾ ਹੈ?
- ਸਤਿਗੁਰੂ ਦਾ ਗਿਆਨੁ ਸਰੂਪ ਕੀ ਹੈ?
- ਸਤਿਗੁਰੂ ਦਾ ਸਬਦੁ (ਗੁਰਮੰਤਰ) ਸਰੂਪ ਕੀ ਹੈ?
- ਸਤਿਗੁਰੂ ਦਾ ਜੋਤਿ ਸਰੂਪ ਕੀ ਹੈ?
- ਸਤਿਗੁਰੂ ਦਾ ਨਾਦਿ ਸਰੂਪ ਕੀ ਹੈ?
- ਸਤਿਗੁਰੂ ਦੀ ਸਰਨ ਕਿਵੇਂ ਪਈਏ?
- ਸਤਿਗੁਰੂ ਦੀ ਸੇਵਾ ਕਿਵੇਂ ਕਰੀਏ?
- ਸਤਿਗੁਰੂ ਨੂੰ ਕਿਸ-ਤਰ੍ਹਾਂ ਮਨਾਇਆ ਜਾਵੇ?
- ਸਤਿਗੁਰੂ ਕਿੱਥੇ ਰਹਿੰਦਾ ਹੈ?

- ਕੀ ਸਤਿਗੁਰੂ ਹੀ ਅਸਲੀ ਮਿੱਤ੍ਰ / ਸਜਣ / ਬੇਲੀ / ਦੋਸਤ ਹੈ?
- ਸਤਿਗੁਰੂ ਅਕਾਲ ਪੁਰਖ ਦੀ ਦਰਗਾਹ ਦਾ ਵਿਚੋਲਾ (Intermediate Link) ਹੈ
- ਸਤਿਗੁਰੂ ਹੀ ਅਕਾਲ ਪੁਰਖ ਨੂੰ ਪਾਉਣ ਦਾ ਸਾਧਨ ਹੈ, ਬੋਹਿਥ ਹੈ
- ਸਤਿਗੁਰੂ ਅਤੇ ਅਕਾਲ ਪੁਰਖ ਨੂੰ ਕੌਣ ਚੰਗੇ ਲਗਦੇ/ਭਾਂਵਦੇ ਹਨ ?
- ਸਤਿਗੁਰੂ ਕਿਥੇ ਮਿਲਦਾ ਹੈ?
- ਸਤਿਗੁਰੂ ਨੂੰ ਭੇਟਣ, ਮਿਲਨ, ਸੰਗ ਦੀਆਂ ਕੀ ਨਿਸ਼ਾਨੀਆਂ ਹਨ ?

## ੧) ਸਤਿਗੁਰੂ ਦੇ ਅੱਖਰੀ ਅਰਥ:-

ਉਹ ਗੁਰੂ, ਜਿਸਦੀ ਸਦਾ ਹੀ ਹੋਂਦ ਹੈ, ਜੋ ਸਦਾ ਹੀ ਸਤਿ ਹੈ, ਜਨਮ ਮਰਨ ਤੋ ਰਹਿਤ ਹੈ, ਜੁਗਾਂ ਜੁਗਾਂ ਤੋ ਹੈ, ਦੇਹ ਰਹਿਤ ਹੈ।

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥*

*ਗਉੜੀ ਸੁਖਮਨੀ ਮਃ ੫ ॥ ਸਲੋਕੁ ॥ ੴ ਸਤਿਗੁਰ ਪ੍ਰਸਾਦਿ ॥*
*ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥*
*ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥ ੧ ॥੨੬੨*

## ੨) ਸਤਿਗੁਰੂ ਹੀ ਅਸਲੀ ਸਾਧ, ਸੰਤ ਹੈ:-

ਗੁਰਬਾਣੀ ਵਿਚ ਸਾਧ, ਸੰਤ, ਦਾ ਲਫਜ ਅਨੇਕਾਂ ਵਾਰ ਆਇਆ ਹੈ ਜੋ ਜਿਆਦਾ ਤਰ ਸਤਿਗੁਰੂ ਤੇ ਹੀ ਵਰਤਦਾ ਹੈ।

*ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥*
*ਸਤਿਗੁਰ ਸਾਧੁ[1] ਨ ਸੇਵਿਆ ਹਰਿ ਭਗਤਿ[2] ਨ ਭਾਈ ॥ ੧ ॥ ਰਹਾਉ ॥੪੨੨*
੧= ਸਤਿਗੁਰੂ ਹੀ ਸਾਧ ਹੈ
੨= ਸਤਿਗੁਰੂ ਦੀ ਸੇਵਾ ਅਕਾਲ ਪੁਰਖ ਦੀ ਭਗਤੀ ਕਰਨ ਨਾਲ ਹੀ ਹੋ ਸਕਦੀ ਹੈ ।

*ਸਤਿਗੁਰੁ ਸੰਤੁ[1] ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥*
*ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥੧੧੯੮*
੧= ਸਤਿਗੁਰੂ ਹੀ ਸੰਤ ਹੈ

## ੩) ਸਿਰਫ ਸਤਿਗੁਰੂ ਹੀ ਅਕਾਲ ਪੁਰਖ ਨੂੰ ਪੂਰੀ ਤਰ੍ਹਾਂ ਜਾਣਨਹਾਰਾ ਹੈ:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚਾਰੀਏ ਤਾਂ ਭਗਤਾਂ ਅਤੇ ਗੁਰੂਆਂ ਦੀ ਗਰੀਬੀ ਭਾਵ ਦਾ ਪਤਾ ਚਲਦਾ ਹੈ। ਅਕਾਲ ਪੁਰਖ ਨਾਲ ਇੱਕ ਮਿੱਕ ਹੁੰਦਿਆ ਵੀ ਉਨ੍ਹਾ ਇਹ ਨਹੀ ਲਿਖਿਆ ਕਿ ਅਸੀ ਅਕਾਲ ਪੁਰਖ ਨੂੰ ਪੂਰੀ ਤਰਾਂ ਜਾਣਨਹਾਰੇ ਹਾਂ ਜਾਂ ਅਸੀ ਪੂਰੇ ਹਾਂ। ਉਨ੍ਹਾ ਨੇ ਇਹ ਵਡਿਆਈ ਸਿਰਫ ਸਤਿਗੁਰੂ  ਨੂੰ ਹੀ ਦਿਤੀ ਹੈ। ਸਤਿਗੁਰੂ ਤੇ ਅਕਾਲ ਪੁਰਖ ਹੀ ਪੂਰਾ ਹੈ ਤੇ ਮਨੁੱਖ ਅਧੂਰਾ ਹੈ।

*ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥*
*ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ ॥ ੨ ॥੫੯੬*

*ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂੰ ਪੂਰਾ ॥ ੨ ॥ ੨ ॥੧੨੫੨*

*ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥*
*ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥੯*

*ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥*
*ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ*
*ਤੂੰ ਆਪੇ ਸਰਬ ਸਮਾਣਾ ॥ ੧ ॥ ਰਹਾਉ ॥੭੩੧*

*ਅੰਤ ਕਾਰਣਿ ਕੇਤੇ ਬਿਲਲਾਹਿ ॥  ਤਾ ਕੇ ਅੰਤ ਨ ਪਾਏ ਜਾਹਿ ॥ ..............*
*.....ਜੇਵਡੁ ਆਪਿ ਜਾਣੈ ਆਪਿ  ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥ ੨੪ ॥*

ਸਿਰਫ ਸਤਿਗੁਰੂ ਹੀ ਅਕਾਲ ਪੁਰਖ ਨੂੰ ਪੂਰੀ ਤਰਾਂ ਜਾਣਨਹਾਰਾ ਹੈ।
ਕੋਈ ਵੀ ਮਨੁੱਖ ਇਹ ਸਤਿਗੁਰੂ ਦੀ ਪਦਵੀ ਨਹੀ ਲੈ ਸਕਦਾ ਕਿਉਕਿ ਸਤਿਗੁਰੂ ਵਿੱਚ ਅਕਾਲ ਪੁਰਖ ਨੇ ਆਪਨੇ ਆਪ ਨੂੰ ਰੱਖਿਆ ਹੈ। ਸਤਿਗੁਰੂ ਦੀ ਸ਼ਰਨ ਪੈ ਕੇ ਹੀ ਸਿੱਖ ਅਕਾਲ ਪੁਰਖ ਨੂੰ ਪਾ ਸਕਦਾ ਹੈ।

*ਸਲੋਕੁ ॥ ਸਤਿ ਪੁਰਖੁ[੧] ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥*
*ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥ ੧ ॥੨੮੬*
੧=ਅਕਾਲ ਪੁਰਖ

੨= ਸਿਰਫ ਸਤਿਗੁਰੂ ਹੀ ਅਕਾਲ ਪੁਰਖ ਨੂੰ ਪੂਰੀ ਤਰਾਂ ਜਾਣਨਹਾਰਾ ਹੈ।

*ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥*
*ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥੪੬੬*

## ੪) ਸਤਿਗੁਰੂ ਗਿਆਨ-ਸਰੂਪ ਹੈ:-

ਸਭ ਤੋਂ ਪਹਿਲਾਂ ਗੁਰਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ "ਸਤਿਗੁਰ ਕੀ ਬਾਣੀ" "ਸਤਿਗੁਰ ਬਚਨ" ਹੀ ਸਤਿਗੁਰੂ ਹੈ। ਇਸ ਗੁਰਬਾਣੀ (ਗੁਰਮਤਿ) ਦੇ ਗਿਆਨ ਤੋਂ ਹੀ ਮੁਕਤੀ ਦੇ ਮਾਰਗ ਦਾ ਪਤਾ ਚਲਦਾ ਹੈ। ਗੁਰਬਾਣੀ ਹੀ ਪ੍ਰਮੇਸਰ ਦਾ ਥਾਂ ਲੱਭਣ ਵਿਚ ਸਹਾਈ ਹੁੰਦੀ ਹੈ। ਜਿਵੇਂ ਪਾਣੀ ਨੂੰ ਕਾਬੂ ਪਾਉਣ ਲਈ ਬਰਤਨ ਦੀ ਜਰੂਰਤ ਹੈ, ਇਸੇ ਤਰਾਂ ਹੀ ਮਨ ਤੇ ਕਾਬੂ ਪਾਉਣ ਲਈ ਸਤਿਗੁਰੂ ਦੇ ਗਿਆਨ ਦੀ ਜਰੂਰਤ ਹੈ। "ਸਤਿਗੁਰ ਕੀ ਬਾਣੀ" ਨੂੰ ਪੂਰੀ ਸੂਝ ਬੂਝ ਨਾਲ ਪੜਿਆਂ ਹੀ ਪਤਾ ਲਗਦਾ ਹੈ ਕਿ ਗੁਰਮਤਿ ਕੀ ਹੈ।

*ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥ ੫ ॥੧੩੦੯*

*ਪੋਥੀ ਪਰਮੇਸਰ ਕਾ ਥਾਨੁ ॥*
*ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥ ੧ ॥ ੧੨੨੬*

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥੪੬੯*

*ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥*
*ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ॥੯੩*

## ੫) ਸਤਿਗੁਰੂ ਸਬਦੁ-ਸਰੂਪ ਹੈ:-

ਜਪਣ ਵਾਲਾ ਸਬਦੁ (ਗੁਰਮੰਤਰ), ਸਤਿਗੁਰੂ **ਦਾ ਸਬਦੁ-ਸਰੂਪ** ਹੈ। ਇਸੇ ਲਈ ਹੀ ਅਭਿਲਾਖੀ ਨੂੰ ਦੀਖਿਅਤ (ਖੰਡੇ ਦੀ ਪਹੁਲ) ਕਰਨ ਵੇਲੇ ਪੰਜ ਪਿਆਰੇ ***"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ"*** ਬੁਲਾ ਕੇ, ਸਬਦੁ ਗੁਰੂ (ਵਾਹਿਗੁਰੂ) ਦੇ ਲੜ ਲਾਉਦੇ ਹਨ। ਇਸ ਦੇ ਉਪਰੰਤ ਸਬਦੁ ਦੀ ਕਮਾਈ, ਪੂਰਬਲੇ ਕਰਮ ਅਤੇ ਅਕਾਲ ਪੁਰਖ ਦੀ ਕ੍ਰਿਪਾ ਨਾਲ ਸਤਿਗੁਰੂ ਜੋਤਿ ਸਰੂਪ ਦੇ ਦਰਸ਼ਨ ਹੁੰਦੇ ਹਨ।

*ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ੯੪੩*

*ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ ੬੩੫*

*ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ॥੫੯੩*

*ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥ ੮ ॥ ੪ ॥੧੩੧੦*

*ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥੧੩੧੧*

*ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ[1] ਕਮਾਹਿ ॥ ੧ ॥ ਰਹਾਉ ॥੪੩*
੧= ਸਬਦੁ

*ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ॥੫੦੯*

*ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨ ਆਨੈ॥*
*-ਗੁਰੂ ਗੋਬਿੰਦ ਸਿੰਘ ਜੀ*

## ੬) ਸਤਿਗੁਰੂ ਜੋਤਿ-ਸਰੂਪ ਹੈ:-

ਸਤਿਗੁਰੂ ਦੇ ਸਬਦੁ (ਗੁਰਮੰਤਰ) ਨੂੰ ਜਪ ਜਪ ਕੇ ਸਿੱਖ ਨੂੰ ਸਤਿਗੁਰੂ ਜੋਤਿ-ਸਰੂਪ ਵਿਚ ਦਰਸ਼ਨ ਹੁੰਦੇ ਹਨ ਅਤੇ ਅਨਹਦ ਸਬਦ ਵਜਦਾ ਸੁਣਦਾ ਹੈ। ਭਾਵੇਂ ਇਕ ਸਤਿਗੁਰੂ ਸਬਦੁ-ਸਰੂਪ (ਗੁਰਮੰਤਰ) ਦੇ ਵੱਖ ਵੱਖ ਧਰਮਾਂ ਵਿਚ ਵੱਖ ਵੱਖ ਨਾਮ ਹਨ ਜਿਵੇਂ:- ਵਾਹਿਗੁਰੂ, ਅੱਲਹਾ, ਰਾਮ, ਆਦਿ, ਪਰ ਜੋਤਿ-ਸਰੂਪ ਸਤਿਗੁਰੂ ਇਕ ਹੀ ਹੈ। ਕੋਈ ਵੀ ਧਰਮ ਸਤਿਗੁਰੂ ਨੂੰ ਸਿਰਫ ਆਪਣੀਆਂ ਹੀ ਹੱਦਾਂ ਵਿੱਚ ਨਹੀ ਰੱਖ ਸਕਦਾ। ਜੋਤਿ-ਸਰੂਪ ਵਿੱਚ ਸਮੁਚੀ ਮੱਨੁਖਤਾ ਦਾ ਸਤਿਗੁਰੂ ਇਕੋ ਹੀ ਹੈ ।

*ਛਿਅ ਘਰ ਛਿਅ  ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥ ੧ ॥੧੨*

*ਪਉੜੀ ॥ ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥*

*ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥੩੦੮*

*ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ*
*ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੧੬ ॥੧੪੦੨*

*ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥*
*ਅਪਰੰਪਰ  ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫੯੯*

*ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੁਤਾ ਮੋਹਿ ਪਿਆਸਿ ॥੫੯੨*

*ਏਕਾ ਜੋਤਿ ਜੋਤਿ ਹੈ ਸਰੀਰਾ ॥*
*ਸਬਦਿ ਦਿਖਾਏ ਸਤਿਗੁਰੁ ਪੂਰਾ ॥੧੨੫*

*ਸਭ ਏਕਾ  ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥*
*ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥ ੨ ॥੧੨੦*

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥-ਗੁਰੂ ਗੋਬਿੰਦ ਸਿੰਘ ਜੀ*

*ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨ ਆਨੈ॥*
*-ਗੁਰੂ ਗੋਬਿੰਦ ਸਿੰਘ ਜੀ*

## ੭) ਸਤਿਗੁਰੂ ਦਾ ਨਾਦਿ-ਸਰੂਪ:-

ਜਦੋ ਅਭਿਆਸੀ ਜਨ ਦੀ ਸਬਦੁ ਦੀ ਕਮਾਈ ਇੰਨੀ ਵੱਧ ਜਾਂਦੀ ਹੈ ਤਾਂ ਉਸ ਨੂੰ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਅਨਹਦ ਸਬਦ (ਨਾਦਿ) ਸੁਣਨਾ ਸ਼ੁਰੂ ਹੋ ਜਾਂਦਾ ਹੈ।

*ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥ ੧ ॥ ਰਹਾਉ ॥*
*ਜਹ ਝਿਲਿ ਮਿਲਿ ਕਾਰੁ  ਦਿਸੰਤਾ ॥ ਤਹ ਅਨਹਦ ਸਬਦ ਬਜੰਤਾ ॥*
*ਜੋਤੀ ਜੋਤਿ ਸਮਾਨੀ ॥ ਮੈ ਗੁਰ ਪਰਸਾਦੀ ਜਾਨੀ ॥ ੨ ॥੬੫੭*

*ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥੬੭੨*

## ੮) ਸਤਿਗੁਰੂ ਜੋ ਕਿ ਸਬਦੁ-ਸਰੂਪ ਤੇ ਜੋਤਿ-ਸਰੂਪ ਹੈ ਦੀ ਸਰਨ ਕਿਉ ਤੇ ਕਿਵੇਂ ਪਈਏ?

ਸਭ ਭਰਮਾਂ ਨੂੰ ਛਡ ਕੇ ਸਬਦੁ ਦਾ ਜਾਪ ਕਰਨਾ ਹੀ ਸਤਿਗੁਰੂ ਦੀ ਸਰਨ ਪੈਂਣਾ ਹੈ। ਜੋ ਸਤਿਗੁਰੂ ਦੀ ਸਰਨ ਪੈਂਦੇ ਹਨ, ਉਧਾਰ ਦੇ ਪਾਤਰ ਵੀ ਉਹੀ ਹੁੰਦੇ ਹਨ।

*ਗੁਰੁ ਗੁਰੁ ਕਰਤ ਸਰਣਿ ਜੇ ਆਵੈ*
*ਪ੍ਰਭ ਆਇ ਮਿਲੈ ਖਿਨੁ ਢੀਲ ਨ ਪਈਆ ॥ ੫ ॥੮੩੬*

*ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥*
*ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥ ੩ ॥ ੨ ॥੬੯੧*

*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥ ੩ ॥੨੦੫*

## ੯) ਸਤਿਗੁਰੂ ਦੀ ਸੇਵਾ ਕਿਉਂ ਤੇ ਕਿਵੇਂ ਕਰਨੀ ਹੈ?

ਸਤਿਗੁਰੂ ਦੀ ਸੇਵਾ ਨਾਲ ਪਾਪਾਂ ਦਾ ਨਾਸ ਅਤੇ ਜਮਾ ਦੀ ਮਾਰ ਤੋਂ ਬਚਾ ਹੋ ਜਾਂਦਾ ਹੈ। ਸਤਿਗੁਰੂ ਦੀ ਸੇਵਾ ਪ੍ਰੇਮ ਭਾਵ ਨਾਲ ਨਾਮੁ ਜਪ-ਜਪ ਕੇ ਹੀ ਹੋ ਸਕਦੀ ਹੈ ਕਿਉਂਕਿ ਉਸਦੀ ਕੋਈ ਦੇਹ/ਸਰੀਰ ਨਹੀਂ ਹੈ।

*ਸਲੋਕ ਮਃ ੪ ॥ ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ ॥*
*ਬਿਨੁ ਸਤਿਗੁਰ ਸੇਵੇ  ਠਵਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥*
*ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ  ॥*
*ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਹਿ*
*ਮੁਹਿ ਕਾਲੈ ਉਠਿ ਜਾਹਿ॥ ੧ ॥੫੫੨*

*ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥*
*ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥ ੧ ॥ ਰਹਾਉ ॥*
*ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥*
*ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥੨੩੦*

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥ ੧ ॥੬੩੮*

## ੧੦) ਸਤਿਗੁਰੂ ਨੂੰ ਕਿਸ-ਤਰ੍ਹਾਂ ਮਨਾਇਆ ਜਾਵੇ?

ਸਤਿਗੁਰੂ ਨੂੰ ਮਨਾਉਣ ਦਾ ਇਕੋ ਇਕ ਹੀ ਰਾਹ ਹੈ, ਗੁਰੂ ਦੇ ਸਬਦੁ ਦੀ ਕਮਾਈ ਕਰਨੀ । ਇਹ ਸਬਦੁ ਪੰਜ ਸਿੱਖ (ਪੰਜ ਪਿਆਰੇ) ਦੀਖਿਆ (ਖੰਡੇ ਦੀ ਪਾਹੁੱਲ) ਵੇਲੇ ਅਭਿਲਾਖੀ ਨੂੰ ਦੇ ਦਿੰਦੇ ਹਨ।

*ਸਤਗੁਰ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥ ੩੪*

*ਸੁਖੁ ਪਾਇਆ ਸਤਿਗੁਰੂ ਮਨਾਇ ॥*
*ਸਭ ਫਲ ਪਾਏ ਗੁਰੂ ਧਿਆਇ ॥ ੧ ॥ ਰਹਾਉ ॥ ੧੧੪੧*

## ੧੧) ਸਤਿਗੁਰੂ ਕਿੱਥੇ ਰਹਿੰਦਾ ਹੈ?

ਸਤਿਗੁਰੂ ਸਰਬ ਵਿਆਪਕ ਹੈ, ਸਤਿਗੁਰੂ ਦਾ ਵਾਸਾ ਮਨੁੱਖ ਦੇ ਹਿਰਦੇ ਅੰਦਰ ਵੀ ਹੈ। ਸਤਿਗੁਰੂ ਨੂੰ ਸਬਦੁ ਕਮਾਈ ਨਾਲ ਪ੍ਰਗਟ ਕਰ ਸਕਦੇ ਹਾ।

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੭੫੯*

*ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ॥੫੦੯*

*ਸਤਿਗੁਰੁ ਪੂਰਾ ਮੇਰੈ ਨਾਲਿ ॥*
*ਪਾਰਬ੍ਰਹਮੁ ਜਪਿ ਸਦਾ ਨਿਹਾਲ ॥ ਰਹਾਉ ॥੬੧੮*

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ॥੩੯੪*

## ੧੨) ਸਤਿਗੁਰੂ ਹੀ ਅਸਲੀ ਮਿੱਤ੍ਰ/ਸਜਣ/ਬੇਲੀ/ਦੋਸਤ ਹੈ:-

ਦੇਹਧਾਰੀ ਸਤਿਗੁਰੂ, ਸਾਧ, ਸੰਤ ਇਥੇ ਹੀ ਰਹਿ ਜਾਂਦੇ ਹਨ, ਪਰ ਜਿਥੇ ਲੇਖਾ ਮੰਗਿਆ ਜਾਣਾ ਹੈ ਉਥੇ ਅਸਲੀ ਸਤਿਗੁਰੂ ਹੀ ਸਹਾਈ ਹੋਣਾ ਹੈ।

*ਸਜਣ ਸੇਈ  ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ੧ ॥੭੨੯*

*ਸਤਿਗੁਰ ਬਾਝੁ ਨ ਬੇਲੀ ਕੋਈ ॥ ੧੦੩੧*
*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥ ੧੪੨੯*

*ਸਤਿਗੁਰੁ ਮੇਰਾ ਮਿਤ੍ਰੁ ਪ੍ਰਭ ਹਰਿ ਮੇਲਹੁ ਸੁਘੜ ਸੁਜਾਣੀ ॥ ੯੯੭*

*ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ॥ ੫੭੪*

## ੧੩) ਸਤਿਗੁਰੂ, ਅਕਾਲ ਪੁਰਖ ਦੇ ਮਿਲਾਪ ਦਾ ਵਿਚੋਲਾ

**(Intermediate Link) ਹੈ:-** ਸਤਿਗੁਰੂ ਤੋ ਬਿਨਾ ਅਕਾਲ ਪੁਰਖ ਨੂੰ ਨਾ ਹੀ ਕਿਸੇ ਨੇ ਪਾਇਆ ਹੈ ਅਤੇ ਨਾ ਹੀ ਪਾਏਗਾ। ਸਤਿਗੁਰੂ ਨੂੰ ਆਪਣੇ ਹਿਰਦੇ ਅੰਦਰ ਪ੍ਰਗਟ ਕਰਨ ਲਈ ਅਕਾਲ ਪੁਰਖ ਦੇ ਨਾਮੁ ਨੂੰ ਆਖਣਾ ਤੇ ਸੁਣਨਾ (ਸਬਦੁ-ਸੁਰਤ ਦੀ ਖੇਡ) ਜਰੂਰੀ ਹੈ। ਪਿਆਰ ਨਾਲ ਨਾਮ ਜਪਣਾ ਬਹੁਤ ਜਰੂਰੀ ਹੈ।

*ਜਨੁ ਨਾਨਕੁ ਅਨਦਿਨੁ ਹਰਿ ਗੁਣ ਗਾਵੈ ਮਿਲਿ ਸਤਿਗੁਰ ਗੁਰ ਵੇਚੋਲੀ ॥ ੧੬੯*

*ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ ਜੀਉ ॥*
*ਮੈ ਮੇਲੇ ਮਿਤ੍ਰੁ ਸਤਿਗੁਰੁ ਵੇਚੋਲੇ ਜੀਉ ॥ ੧੭੩*

*ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥*
*ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥੪੬੬*

## ੧੪) ਸਤਿਗੁਰੂ ਹੀ ਅਕਾਲ ਪੁਰਖ ਨੂੰ ਪਾਉਣ ਦਾ ਸਾਧਨ ਹੈ, ਬੋਹਿਥਾ ਹੈ

**(Vehicle/Channel to meet God):-** ਸਤਿਗੁਰੂ ਵਿੱਚ ਪਰਮੇਸਰੁ ਨੇ ਆਪਣੇ ਆਪ ਨੂੰ ਰਖਿਆ ਹੈ, ਤਾਂ ਹੀ ਸਤਿਗੁਰੂ ਤੇ ਪਰਮੇਸਰੁ ਦੀ ਪੂਜਾ, ਸੇਵਾ, ਸਰਨ ਆਦਿ ਇਕੋ ਹੀ ਹਨ। ਇਹ ਗੱਲ ਸਮਝਣਾ ਜਰੂਰੀ ਹੈ ਕਿ ਪਹਿਲਾ ਗੁਰਸਿੱਖ ਅਕਾਲ ਪੁਰਖ ਦੀ ਕਿਰਪਾ ਨਾਲ ਨਾਮ ਜਪਦਾ ਹੈ, ਸਤਿਗੁਰੂ ਮਿਲਦਾ ਹੈ ਤੇ ਫਿਰ ਸਤਿਗੁਰੂ ਸਿੱਖ ਨੂੰ ਅਕਾਲ ਪੁਰਖ ਨਾਲ ਮਿਲਾਉਦਾ ਹੈ।

*ਇਕਨਾ ਪਾਰਿ ਲੰਘਾਵਹਿ ਆਪੇ ਸਤਿਗੁਰੁ ਜਿਨ ਕਾ ਸਚੁ ਬੇੜਾ ॥ ੮ ॥ ੧੦੮੧*

*ਬਿਨੁ ਸਤਿਗੁਰ ਕੋ ਮਗੁ[1] ਨ ਜਾਣੈ ਅੰਧੇ ਠਉਰ ਨ ਕਾਈ ॥੬੫*
੧=ਰਸਤਾ,ਮਾਰਗ

*ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥੧੦੦੯*

*ਬਿਨੁ ਨਾਵੈ ਮੁਕਤਿ ਨ ਪਾਵੈ ਕੋਈ ॥*
*ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ ॥ ੯ ॥੧੦੪੬*

*ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ*
*ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥੭੬੮*

*ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ ਥਕੇ ਵੀਚਾਰ ॥੧੪੨੦*

*ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥*
*ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥੪੬੬*

## ੧੫) ਸਤਿਗੁਰੂ ਅਤੇ ਅਕਾਲ ਪੁਰਖ ਨੂੰ ਕੌਣ ਚੰਗੇ ਲਗਦੇ ਹਨ?

ਜਿਹੜੇ ਪ੍ਰਾਣੀ ਗੁਰਮਤਿ ਅਨੁਸਾਰ ਅਕਾਲ ਪੁਰਖ ਦਾ ਨਾਮੁ ਬੋਲਦੇ ਹਨ ।

*ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥*
*ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ[1] ਲਗਾਇ ॥ ੩ ॥੮੮੧*
੧=ਡੰਗ

*ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥੧੧੮੫*

*ਜੋ ਮਨਿ ਤਨਿ ਮੁਖਿ ਹਰਿ ਬੋਲੈ ਸਾ ਹਰਿ ਭਾਵਣੀ ॥ ੬੪੨*

*ਸੋ ਸੇਵਕਿ ਰਾਮ ਪਿਆਰੀ ॥ ਜੋ ਗੁਰ ਸਬਦੀ ਬੀਚਾਰੀ ॥੧॥੮੨੯*

ਹਿਰਦਾ ਸੁਧੁ ਹਰਿ ਸੇਵਦੇ ਸੋਹਹਿ ਗੁਣ ਗਾਇਆ ॥
ਮੇਰੇ ਹਰਿ ਜੀਉ ਏਵੈ ਭਾਵਦਾ ਗੁਰਮੁਖਿ ਤਰਾਇਆ ॥੧੨੪੪

ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ ॥ ੧੨੬੪

ਤਉ ਨਾਨਕ ਕੰਤੈ ਮਨਿ ਭਾਵੈ ॥
ਛੋਡਿ ਵਡਾਈ ਅਪਣੇ ਖਸਮ ਸਮਾਵੈ ॥੧॥ ਰਹਾਉ ॥੨੬॥੩੫੬

ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥੭੨੧

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥੩੦੫

ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥੨੩੩

ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ੧ ॥੬੦੧
੧=ਬੋਲਨਾ

ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥੧੫॥ ੧੦੫੯

## ੧੬) ਸਤਿਗੁਰੂ ਕਿਥੇ ਮਿਲਦਾ ਹੈ?

ਸਤਿਗੁਰੂ ਸਰਬ ਵਿਆਪਕ ਹੈ, ਸਤਿਗੁਰੂ ਦਾ ਵਾਸਾ ਮਨੁੱਖ ਦੇ ਹਿਰਦੇ ਅੰਦਰ ਵੀ ਹੈ। ਸਤਿਗੁਰੂ ਨੂੰ ਸਬਦੁ ਦੀ ਕਮਾਈ ਨਾਲ ਪ੍ਰਗਟ ਕਰ ਸਕਦੇ ਹਾ।

ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ[1] ॥੧੯॥੬੫੦
੧ = ਜਿਸ ਸਰੀਰ ਅੰਦਰ ਸਤਿਗੁਰੂ ਆਪਣੇ ਚਰਨ ਧਰਦਾ ਹੈ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥੪੫੦

*ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥੫੮੮*

*ਅੰਤਰਿ ਬਾਹਰਿ ਥਾਨ ਥਨੰਤਰਿ ਜਤ ਕਤ ਪੇਖਉ ਸੋਈ ॥*
*ਨਾਨਕ ਗੁਰੁ ਪਾਇਓ ਵਡਭਾਗੀ ਤਿਸੁ ਜੇਵਡੁ ਅਵਰੁ ਨ ਕੋਈ ॥੨॥੬੧੮*

## ੧੭) ਸਤਿਗੁਰੂ ਦੇ ਭੇਟਣ, ਮਿਲਨ, ਸੰਗ ਦੀਆਂ ਨਿਸ਼ਾਨੀਆਂ:-

ਪ੍ਰਾਣੀ ਦੀ ਹਉਮੈ ਮਰ ਜਾਂਦੀ ਹੈ, ਮਨ ਨਿਰਮਲ ਹੋ ਕੇ ਨਾਮ ਤੇ ਟਿਕ ਜਾਂਦਾ ਹੈ, ਪੰਜ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਵੱਸ ਆ ਜਾਂਦੇ ਹਨ, ਵੈਰੀ ਮਿੱਤਰ ਇਕ ਸਮਾਨ ਲਗਦੇ ਹਨ, ਅਕਾਲ ਪੁਰਖ ਦੀ ਜੋਤਿ ਪਰਗਟ ਦਿਸਦੀ ਹੈ ਅਤੇ ਉਸਦਾ ਅਨੰਦ ਮਾਣਦਾ ਹੈ, ਅਨਹਦ ਸਬਦ ਸੁਨਣ ਲੱਗ ਪੈਂਦਾ ਹੈ ਆਦਿ। ਮਨੁੱਖ ਦੇ ਜਨਮ ਜਨਮ ਦੇ ਪਾਪ ਕਟੇ ਜਾਂਦੇ ਹਨ।

*ਸਤਿਗੁਰ ਭੇਟਤ ਹਉਮੈ ਮਾਰੀ ॥ ੧੮੩*

*ਸਤਿ ਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ ॥੫॥ ੧੦੭੮*

*ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥ ੪੬*

*ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ ੧੫੩*

*ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ ॥੩॥੩੩੪*

*ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥ ੪੦੫*

*ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ ੪੪੦*

*ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥੪੯੧*

*ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ ॥੫੦੯*

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥੯੧੭

ਸਤਿਗੁਰੁ ਮਿਲੈ ਤ ਸਹਸਾ ਜਾਈ ॥੫੨੫

ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ ਇਕਿ ਭਰਮਿ ਭੁਲੇ ਫਿਰਦਿਆ ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥ ੫੯੪

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥੭੭੪

ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥੭੯੮
ਸਤਿਗੁਰੁ ਮਿਲੈ ਅੰਧੇਰਾ ਜਾਇ ॥੯੩੯

ਬਸੰਤੁ ਹਿੰਡੋਲ ਮਹਲਾ ੪ ਘਰੁ ੨
ੴ ਸਤਿਗੁਰ ਪ੍ਰਸਾਦਿ ॥
ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥
ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ॥੧੧੭੮

ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥੩੨੦

ਜਨ ਨਾਨਕ ਸਤਿਗੁਰੁ ਭੇਟਿਆ ਹਰਿ ਨਾਮਿ ਤਰਾਏ ॥੩॥੪੫੦

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥ ੨੭੮*

ਅਸਲੀ ਸਤਿਗੁਰੂ, ਸਾਧ, ਸੰਤ ਦੀ ਪਛਾਣ ਕਰਨੀ ਬਹੁਤ ਜਰੂਰੀ ਹੈ। ਇਹ ਪਛਾਣ "ਸਤਿਗੁਰੂ ਕੀ ਬਾਣੀ", "ਖਸਮ ਕੀ ਬਾਣੀ " ਦੇ ਭੰਡਾਰ ਗਿਆਨ ਰੂਪੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (Knowledge base Guru) ਕੋਲੋਂ ਗਿਆਨ ਲੈ ਕੇ ਹੀ ਹੋ ਸਕਦੀ ਹੈ। ਗੁਰਬਾਣੀ ਵਿਚ ਦੱਸੀ ਵਿਧੀ ਅਨੁਸਾਰ ਸਤਿਗੁਰੂ ਦੀ ਸਰਨ ਪੈ ਕੇ, ਸਤਿਗੁਰੂ ਦੀ ਪੂਜਾ, ਸੇਵਾ, ਭਗਤੀ ਅਰਥਾਤ ਨਾਮ ਜਪ ਕੇ ਸਤਿਗੁਰੂ ਨੂੰ ਮਿਲਨ ਦਾ ਉਦਮ ਕੀਤਾ ਜਾ ਸਕਦਾ ਹੈ। ਜੋ ਮਨੁੱਖ ਉਦਮ ਨਾਲ ਨਾਮ ਜਪਦੇ ਹਨ ਉਨ੍ਹਾਂ ਤੇ ਹੀ ਪ੍ਰਮੇਸਰ ਦੀ ਕਿਰਪਾ ਹੁੰਦੀ ਹੈ।

ਅਕਾਲ ਪੁਰਖ ਕ੍ਰਿਪਾ ਕਰੇ ਤਾਂ ਕਿ ਸਾਡੇ ਕਠੋਰ ਹਿਰਦਿਆਂ ਵਿਚ ਸਤਿਗੁਰੂ ਨੂੰ ਮਿਲਨ ਦਾ ਚਾਅ ਉਠ ਸਕੇ ਅਤੇ ਸਤਿਗੁਰੂ ਦੀ ਬਾਣੀ ਮੁਤਾਬਕ ਚਲ ਕੇ ਮਨੁੱਖਾ ਜਨਮ ਦੀ ਕੁਝ ਕਦਰ ਕਰ ਸਕੀਏ।

"ਸਤਿਗੁਰੂ ਕੀ ਬਾਣੀ" ਅਥਾਹ ਹੈ। ਗੁਰਬਾਣੀ ਦੀ ਵੀਚਾਰ ਕਰਦਿਆਂ ਅਨੇਕਾ ਭੁੱਲਾਂ-ਚੁੱਕਾਂ ਹੋ ਗਈਆਂ ਹੋਣਗੀਆਂ। ਦਾਸ ਖਿਮਾਂ ਦੇ ਜਾਚਕ ਹਨ। ਸਤਿਗੁਰੂ ਸੁਮੱਤ ਬਖਸੇ।

**ਵਾਹਿਗੁਰੂ ਜੀ ਕਾ ਖਾਲਸਾ ॥**
**ਵਾਹਿਗੁਰੂ ਜੀ ਕੀ ਫਤਿਹ ॥**

# ਸ਼ਬਦਾਵਲੀ (Terminology)

## ੧) ਸਿੱਖੀ:- ਸਿੱਖੀ ਦਾ ਮਤਲਬ ਹੈ ਸਿੱਖਣਾ। ਕੀ ਸਿਖਣਾ ਹੈ ?

ਸਬਦੁ ਦੀ ਕਮਾਈ ਕਰਨੀ: "*ਸਤਿਗੁਰ ਕੀ ਬਾਣੀ*" ਤੋਂ ਗੁਰਮਤਿ ਲੈ ਕੇ ਪ੍ਰਭੂ ਦੇ ਨਾਮ ਦੀ ਬੋਲ ਬੋਲ ਕੇ ਪ੍ਰੇਮ ਨਾਲ ਭਗਤੀ ਕਰਨੀ ਅਤੇ "*ਸਤਿਗੁਰ ਕੀ ਬਾਣੀ*" ਦੇ ਅਸੂਲਾ ਤੇ ਆਪਣੇ ਜੀਵਨ ਨੂੰ ਢਾਲਣਾ।

*ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥*
*ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥੨॥੩੨੦*

*ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ ੩੦੪*

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥੩੦੫*

*ਗੁਰਸਿਖ ਹਰਿ ਬੋਲਹੁ ਹਰਿ ਗਾਵਹੁ ਲੇ ਗੁਰਮਤਿ ਹਰਿ ਜਪਣੇ ॥ ੧੧੩੫*

## ੨) ਭਗਤਿ, ਭਗਤੀ, ਭਗਤੇ, ਭਗਤ:-

ਗੁਰਮਤਿ ਅਨੁਸਾਰ, ਗਰੀਬੀ ਭਾਵ ਨਾਲ, ਸਿਰਫ ਅਕਾਲ ਪੁਰਖ ਦਾ ਨਾਮੁ ਜਪਣਾ ਹੀ ਭਗਤੀ ਹੈ। ਗੁਰਬਾਣੀ ਵਿਚ "ਭਗਤੀ" ਲਫਜ ਵਾਸਤੇ "ਭਗਤਿ/ਭਗਤੇ" ਵੀ ਲਿਖਿਆ ਹੈ। ਗੁਰਬਾਣੀ ਨੂੰ ਸਮਝ ਕੇ ਪੜਨ ਨਾਲ ਇਸ ਵਿਚ ਰਤੀ ਭਰ ਵੀ ਸ਼ਕ ਨਹੀ ਰਹਿੰਦਾ ਕਿ ਲਫਜ ਭਗਤਿ ਤੇ ਭਗਤੇ "ਭਗਤੀ" ਦੇ ਲਿਖਾਇਕ ਹਨ। ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਇਸ ਭੇਦ ਨੂੰ ਨਿਖੇੜਦੀਆਂ ਹਨ।

<u>ਭਗਤਿ:</u>

*ਭਾਈ ਰੇ ਦਾਸਨਿ ਦਾਸਾ ਹੋਇ ॥*
*ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥ ੧ ॥ ਰਹਾਉ ॥*

*ਹਰਿ ਜੀ ਲਾਜ ਰਖਹੁ ਹਰਿ ਜਨ ਕੀ ॥*
*ਹਰਿ ਹਰਿ ਜਪਨੁ ਜਪਾਵਹੁ ਅਪਨਾ ਹਮ ਮਾਗੀ ਭਗਤਿ ਇਕਾਕੀ ॥ ੬੯੮*

**ਭਗਤੇ:**

*ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ  ਲਗੇ ਭਗਤੇ ॥*

**ਭਗਤੀ:**

*ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ ॥ ੮ ॥*

ਗੁਰਬਾਣੀ ਦੇ ਅਰਥ ਸਪਸ਼ਟ ਕਰਨ ਲਈ ਲਫਜ "ਭਗਤਿ" ਦਾ ਉਚਾਰਣ ਭਗਤ ਵਾਂਗੂ ਨਹੀ ਕਰਨਾ ਚਾਹੀਦਾ ਕਿਉਕਿ "ਭਗਤ" ਭਗਤੀ ਕਰਨ ਵਾਲੇ ਨੂੰ ਆਖਦੇ ਹਨ। ਲਫਜ "ਭਗਤਿ" ਦਾ ਉਚਾਰਣ ਇਸ ਲਫਜ ਦੇ ਜੋੜ ਅਨੁਸਾਰ "ਸਿਹਾਰੀ" ਦੇ ਉਚਾਰਨ ਨਾਲ ਹੀ ਸੁਧ ਹੋ ਸਕਦਾ ਹੈ।

**੩) ਸੰਤੁ, ਸਾਧੁ, ਸਾਧੂ, ਸੱਜਣੁ, ਮੀਤੁ, ਮਿੱਤਰੁ, ਬ੍ਰਹਮਗਿਆਨੀ, ਤੇ ਮਹਾਂਪੁਰਖੁ**:- ਸਤਿਗੁਰੂ ਹੀ ਅਸਲੀ ਸੰਤੁ, ਸਾਧੁ, ਸਾਧੂ, ਸੱਜਣੁ, ਮੀਤੁ, ਮਿੱਤਰੁ, ਬ੍ਰਹਮਗਿਆਨੀ, ਤੇ ਮਹਾਂਪੁਰਖੁ ਹੈ ।

*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥੧੪੨੯*

*ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥ ੪੨੨*

*ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਹਰਿ ਦਰਗਹ ਕਾਢੇ ਮਾਰੀ ॥ ੧੧੩੫*

*ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥ ੧੧੯੮*

**੪) ਸੇਵਾ:-"ਸਤਿਗੁਰੂ ਕੀ ਬਾਣੀ" ਦੇ ਅਨੁਸਾਰ ਨਾਮ ਜਪਣਾਂ ਹੀ ਪ੍ਰਮੇਸ਼ਰ ਦੀ ਸੇਵਾ ਹੈ ॥ ਦਸਾਂ ਨੰਹੁਆ ਦੀ ਕਿਰਤ ਕਰਨਾ, ਲੋੜਵੰਦਾ ਦੀ ਮਦਦ ਕਰਨਾ ਗੁਰਸਿਖ ਦਾ ਫਰਜ ਹੈ। ਜੋ ਕਿ ਇੱਕ ਚੰਗਾ ਗੁਣ ਹੈ।**

*ਹਰਿ ਕੀ ਟਹਲੰ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥੩੦੦*

੧ = ਰੱਬ ਦੀ ਸੇਵਾ ਕਿਵੇ ਕਰੀਏ?..ਸਵਾਲ
੨ = ਨਾਮ ਜਪ ਕੇ … ਜਵਾਬ

*॥ ਬਸੰਤੁ ਮਹਲਾ ੫ ॥*
*ਦੂਜੀ ਸੇਵਾ[੧] ਜੀਵਨੁ ਬਿਰਥਾ ॥ ਕਛੂ ਨ ਹੋਈ ਹੈ ਪੂਰਨ ਅਰਥਾ ॥*
*ਮਾਣਸ ਸੇਵਾ[੨] ਖਰੀ ਦੁਹੇਲੀ[੩] ॥ ਸਾਧ ਕੀ ਸੇਵਾ[੪] ਸਦਾ ਸੁਹੇਲੀ[੫] ॥ ੨ ॥ ੧੧੮੨*
੧ = ਮਾਣਸ ਦੀ ਸੇਵਾ
੨ = ਦੂਜੀ ਸੇਵਾ
੩ = ਦੁਖਦਾਈ
੪ = ਸਤਿਗੁਰੂ ਦੀ ਸੇਵਾ ਨਾ ਕਿ ਮਾਣਸ ਸੇਵਾ (ਦੂਜੀ ਸੇਵਾ)
੫ = ਸੁਖਦਾਈ

*ਗੂਜਰੀ ਮਹਲਾ ੩ ॥*
*ਹਰਿ ਕੀ ਤੁਮ ਸੇਵਾ[੧] ਕਰਹੁ ਦੂਜੀ ਸੇਵਾ[੨] ਕਰਹੁ ਨ ਕੋਇ ਜੀ ॥*
*ਹਰਿ ਕੀ ਸੇਵਾ[੧] ਤੇ ਮਨਹੁ ਚਿੰਦਿਆਫਲੁ ਪਾਈਐ*
*ਦੂਜੀ ਸੇਵਾ[੨] ਜਨਮੁ ਬਿਰਥਾ ਜਾਇ ਜੀ ॥ ੧ ॥*
*ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ ॥*
*ਗੁਰ ਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵ ਬਨੀ ਜੀਉ ॥ ੧ ॥ ਰਹਾਉ ॥ ੪੯੦*

੧ = ਰੱਬ ਦੀ ਸੇਵਾ (ਨਾ ਕਿ ਦੇਹੀ ਦੀ ਸੇਵਾ / ਦੂਜੀ ਸੇਵਾ )
੨ = ਰੱਬ ਦੀ ਸੇਵਾ ਤੋਂ ਬਿਨਾ ਹੋਰ ਸੇਵਾ

*ਗੁਰ ਸੇਵ ਨ ਭਾਈ ਸਿ ਚੋਰ ਚੋਰ ॥੧੧੭੦*

**੫) ਪੂਜਾ:** ਸਤਿਗੁਰੂ ਦੀ ਬਾਣੀ ਸਾਨੂੰ ਤੀਰਥ ਅਸਥਾਨ, ਮੱਠ ਤੇ ਮੜੀਆਂ ਦੀ ਪੂਜਾ ਦੀ ਮਨਾਹੀ ਕਰਦੀ ਹੈ ਅਤੇ ਕੇਵਲ ਪ੍ਰਭੂ ਭਗਤੀ ਵੱਲ ਲਾਉਂਦੀ ਹੈ। ਹੋਰ ਕਿਸੇ ਚੀਜ ਦੀ ਪੂਜਾ ਕਰਨਾ ਦੂਜਾ ਭਾਉ ਹੈ ॥ **ਨਾਮ ਜਪਣ ਤੋਂ ਬਿਨਾਂ ਹੋਰ ਕਿਸੇ ਤਰੀਕੇ ਨਾਲ ਪਰਮੇਸ਼ਰ ਦੀ ਪੂਜਾ ਨਹੀਂ ਹੋ ਸਕਦੀ।**

*ਪੂਜਾ ਕੀਚੈ[੧] ਨਾਮੁ ਧਿਆਈਐ[੨] ਬਿਨੁ ਨਾਵੈ ਪੂਜ ਨ ਹੋਇ[੩] ॥ ੧ ॥ ੪੮੯*

੧ = ਪੂਜਾ ਕਰੀਏ, (ਕਿਵੇਂ ?)
੨ = ਨਾਮ ਨੂੰ ਧਿਆਨ ਨਾਲ ਜਪ ਕੇ
੩ = ਨਾਮ ਨੂੰ ਜਪਣ ਤੋਂ ਬਿਨਾਂ ਹੋਰ ਕੋਈ ਪੂਜਾ ਨਹੀ

*ਮਾਰੂ ਮਹਲਾ ੩ ॥*
*ਹਰਿ ਨਾਮੁ ਚੇਤਾ ਅਵਰੁ ਨ ਪੂਜਾ੧ ॥ ਏਕੋ ਸੇਵੀ ਅਵਰੁ ਨ ਦੂਜਾ ॥*
*ਪੂਰੈ ਗੁਰਿ ਸਭੁ ਸਚੁ ਦਿਖਾਇਆ ਸਚੈ ਨਾਮਿ ਨਿਵਾਸੀ ਹੇ ॥ ੭ ॥( ਪੰਨਾ ੧੦੪੮ )*
**੧ = ਨਾਮ ਨੂੰ ਜਪਣ ਤੋਂ ਬਿਨਾਂ ਹੋਰ ਕੋਈ ਪੂਜਾ ਨਹੀ**

*ਬਿਨੁ ਨਾਵੈ ਹੋਰ ਪੂਜ ਨ ਹੋਵੀ੧ ਭਰਮਿ ਭੁਲੀ ਲੋਕਾਈ ॥ ੭ ॥ ( ਪੰਨਾ ੯੧੦ )*
**੧ = ਨਾਮ ਨੂੰ ਜਪਣ ਤੋਂ ਬਿਨਾਂ ਹੋਰ ਕੋਈ ਪੂਜਾ ਨਹੀ**

*ਨਿਰਜੀਉ ਪੂਜਹਿ੧ ਮੜਾ ਸਰੇਵਹਿ੧ ਸਭ ਬਿਰਥੀ੨ ਘਾਲ ਗਵਾਵੈ ॥ ੩ ॥ ੧੨੬੪)*
੧ = ਤੀਰਥਾ, ਇਮਾਰਤਾ, ਮੜੀਆਂ ਦੀ ਪੂਜਾ
੨ = ਫਜੂਲ, ਬੇਕਾਰ, ਨਿਕੰਮੀ (worthless)

## ੬) ਸਬਦ, ਸਬਦੁ, ਸਬਦੋ, ਸਬਦੌ, ਸਬਦਿ, ਸਬਦੇ, ਸਬਦੈ, ਸਬਦੀ:

ਗੁਰਬਾਣੀ ਵਿਚ "ਸਬਦ" ਕਈ ਸਰੂਪਾ ਨਾਲ ਆਇਆ ਹੈ। ਇਨ੍ਹਾ ਸਰੂਪਾ ਦੇ ਭਾਵ ਅਰਥ ਵੀ ਅਲੱਗ ਅਲੱਗ ਹਨ। ਇਸ ਭੇਦ ਨੂੰ ਸਮਝਨ ਲਈ ਸਬਦ ਦੇ ਵਖ ਵਖ ਸਰੂਪਾ ਨੂੰ ਦੋ ਸ਼੍ਰੇਣੀਆ categories ਵਿਚ ਵੰਡਿਆ ਜਾ ਸਕਦਾ ਹੈ।

**ੳ) ਸਬੰਧਕ (Preposition)** ਸਹਿਤ **(with):**

**ਸਬਦਿ, ਸਬਦੇ, ਸਬਦੈ, ਸਬਦੀ**

**ਅ) ਸਬੰਧਕ (Preposition)** ਰਹਿਤ **(without):**

**ਸਬਦ, ਸਬਦੁ, ਸਬਦੋ, ਸਬਦੌ**

**ੳ) ਸਬੰਧਕ (Preposition)** ਸਹਿਤ **(with):**

ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਪੜ੍ਹ ਕੇ ਇਹ ਬਿਲਕੁਲ ਸਾਫ ਹੋ ਜਾਂਦਾ ਹੈ ਕਿ ਲਫ਼ਜ਼ **ਸਬਦੇ, ਸਬਦੀ, ਸਬਦੈ, ਸਬਦਿ ਇਕੋ ਹੀ category** ਵਿੱਚ ਆਉਂਦੇ ਹਨ। ਉਹ ਹੈ:-

**ਸਬਦ+ਸਬੰਧਕ (Preposition)**

**ਸਬਦੈ = ਸਬਦ ਤੋਂ**

*ਹਉ ਹਉ ਕਰਦੀ ਸਭ ਫਿਰੈ ਬਿਨੁ **ਸਬਦੈ** ਹਉ ਨ ਜਾਇ ॥*
*ਬਿਨੁ **ਸਬਦੈ** ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਹਾ ਭਰਮਾਇ ॥*
*ਬਿਨੁ **ਸਬਦੈ** ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥*

**ਸਬਦਿ = ਸਬਦ ਨਾਲ**

*ਸਬਦਿ ਸੁਣੀਐ **ਸਬਦਿ** ਬੁਝੀਐ ਸਚਿ ਰਹੈ ਲਿਵ ਲਾਇ ॥*
***ਸਬਦਿ** ਮਰੈ ਫਿਰਿ ਮਰਣੁ ਨ ਹੋਇ ॥*
*ਨਾਨਕ ਨਾਮਿ ਲਗੇ ਸੇ ਉਬਰੇ ਹਉਮੈ **ਸਬਦਿ** ਗਵਾਇ ॥ ੪ ॥*
*ਹਉਮੈ ਮਮਤਾ ਗੁਰ **ਸਬਦਿ** ਵਿਸਾਰੀ ॥*

**ਸਬਦੀ = ਸਬਦ ਨਾਲ**

*ਜਨ ਨਾਨਕ ਗੁਰਮੁਖਿ ਉਬਰੇ ਗੁਰ **ਸਬਦੀ** ਹਉਮੈ ਛੁਟੀਆ ॥ ੧ ॥*
*ਭੂਲਾ ਮਨੁ ਸਮਝੈ ਗੁਰ **ਸਬਦੀ** ਹਰਿ ਹਰਿ ਸਦਾ ਧਿਆਏ ॥*
*ਗੁਰ **ਸਬਦੀ** ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥*
*ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥ ਰਹਾਉ ॥*

**ਸਬਦੇ = ਸਬਦ ਨਾਲ**

***ਸਬਦੇ** ਹਉਮੈ ਖੋਈਐ ਹਰਿ ਮੇਲਿ ਮਿਲੀਤਾ ॥*
*ਨਾਮ ਬਿਨਾ ਸਭੁ ਜਗੁ ਬਉਰਾਨਾ **ਸਬਦੇ** ਹਉਮੈ ਮਾਰੀ ॥*
*ਵਾਹੁ ਵਾਹੁ **ਸਬਦੇ** ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥*
*ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ **ਸਬਦੇ** ਹੀ ਮੁਕਤਿ ਪਾਈ ॥*

**ਅ) ਸਬੰਧਕ (Preposition) ਰਹਿਤ (without):**

ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਪੜ੍ਹ ਕੇ ਇਹ ਬਿਲਕੁਲ ਸਾਫ ਹੋ ਜਾਂਦਾ ਹੈ ਕਿ ਲਫ਼ਜ਼ **ਸਬਦ, ਸਬਦੁ, ਸਬਦੋ, ਸਬਦੌ ਇਕੋ ਹੀ category ਵਿੱਚ ਆਉਂਦੇ ਹਨ।**

**ਸਬਦ = ਸਬਦ (ਬਹੁਤੇ, ਇਕ)**

*ਸਾਚ **ਸਬਦ** ਬਿਨੁ ਮੁਕਤਿ ਨ ਕੋਇ ॥ ੧ ॥ ਰਹਾਉ ॥*

*ਸਾਚ **ਸਬਦ** ਬਿਨੁ ਪਤਿ ਨਹੀ ਪਾਵੈ ॥*
*ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ ਗੁਰ **ਸਬਦ** ਵਿਟਹੁ ਬਲਿ ਜਾਈ ॥*
*ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ **ਸਬਦ** ਵੀਚਾਰਿ ॥*
*ਜਮ ਮਗਿ ਬਾਧਾ ਖਾਹਿ ਚੋਟਾ **ਸਬਦ** ਬਿਨੁ ਬੇਤਾਲਿਆ ॥*

**ਸਬਦੁ = ਸਬਦ (ਖਾਸ, ਇਕ)**

*ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ **ਸਬਦੁ** ਸੁਣਾਇਆ ॥*
*ਸਚੁ **ਸਬਦੁ** ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ **ਸਬਦੁ** ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥ ੨ ॥*
*ਸਾਹਿਬੁ ਮੇਰਾ ਸਦਾ ਹੈ ਦਿਸੈ **ਸਬਦੁ** ਕਮਾਇ ॥*
*ਜਨਮ ਮਰਣ ਭਉ ਕਟੀਐ ਜਨ ਕਾ **ਸਬਦੁ** ਜਪਿ ॥*
*ਗੁਰਿ ਮੰਤ੍ਰੁ **ਸਬਦੁ** ਸਚੁ ਦੀਤਾ ਰਾਮ ॥*

**ਸਬਦੌ, ਸਬਦੋ=ਸਬਦੁ**

***ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ ॥***
***ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥***
***ਏਹੁ ਸੋਹਿਲਾ ਸਬਦੁ ਸੁਹਾਵਾ ॥***
***ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥***

੭) **ਗੁਰਮੁਖਿ, ਗੁਰਮੁਖੇ, ਗੁਰਮੁਖਹਿ, ਗੁਰਮੁਖੀ:-** ਗੁਰਬਾਣੀ ਵਿਚ ਗੁਰਮਤਿ ਅਨੁਸਾਰ ਚਲਣ ਲਈ ਗੁਰਮੁਖਿ ਲਿਖਿਆ ਹੈ। ਇਹ ਉਹ ਵਿਧੀ, ਤਰੀਕਾ, ਪ੍ਰਣਾਲੀ ਜਾਂ ਰਸਤਾ ਹੈ ਜਿਸ ਉਤੇ ਪ੍ਰਾਣੀ ਚਲਕੇ ਅਕਾਲ ਪੁਰਖ ਦੀ ਪ੍ਰਾਪਤੀ ਕਰਦਾ ਹੈ। "ਗੁਰਮੁਖਿ" ਗੁਰਬਾਣੀ ਵਿਚ ਹੋਰ ਸਰੂਪਾ ਨਾਲ ਵੀ ਆਇਆ ਹੈ ਜੋ ਹਨ:- ਗੁਰਮੁਖੇ, ਗੁਰਮੁਖਹਿ ਅਤੇ ਗੁਰਮੁਖੀ । ਇਨ੍ਹਾ ਲਫਜਾ ਦਾ ਅਰਥ ਵੀ ਬਿਲਕੁਲ ਗੁਰਮੁਖਿ ਵਾਲਾ ਹੈ।

*ਗੁਨ ਗੋਵਿੰਦ **ਗੁਰਮੁਖਿ** ਨ ਜਪਿਆ ਤਪਤ ਥੰਮ੍ ਗਲਿ ਲਾਤਿਆ ॥*
*ਵੀਆਹੁ ਹੋਆ ਮੇਰੇ ਬਾਬੁਲਾ **ਗੁਰਮੁਖੇ** ਹਰਿ ਪਾਇਆ ॥*
*ਇਹ ਚਾਲ ਨਿਰਾਲੀ **ਗੁਰਮੁਖੀ** ਗੁਰ ਦੀਖਿਆ ਸੁਣਿ ਮਨੁ ਭਿੰਨੇ ॥ ੨੫ ॥*
*ਫੁਨਿ ਪ੍ਰੇਮ ਰੰਗ ਪਾਈਐ **ਗੁਰਮੁਖਹਿ** ਧਿਆਈਐ*

*ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯਾਨੀਅਹੁ॥*

**ਗੁਰਮੁਖਿ ਲਫਜ ਨਾਂਵ (noun) ਨਹੀ ਹੈ।** ਜਿਥੇ ਵੀ ਗੁਰਬਾਣੀ ਇਹ ਲਫਜ ਨਾਂਵ (noun) ਵਜੋ ਆਇਆ ਹੈ ਉਥੇ ਇਸ ਲਫਜ ਦੇ ਜੋੜ ਗੁਰਮੁਖ ਅਤੇ ਗੁਰਮੁਖਾਂ ਹਨ।

**ਗੁਰਮੁਖ** = ਪਦਵੀ, ਆਤਮਕ ਅਵਸਥਾ (Spirtual rank, the one who follows Guru's way and is enlightened)

"ਗੁਰਮੁਖਿ" ਅਤੇ "ਗੁਰਮੁਖ" ਸਬਦ ਵੱਖਰੇ ਵੱਖਰੇ ਹਨ ॥

ਇਨ੍ਹਾ ਦਾ ਅਰਥ ਤੇ ਉਚਾਰਣ ਵੀ ਵੱਖਰਾ ਵੱਖਰਾ ਹੈ॥

*ਵਾਹੁ ਵਾਹੁ **ਗੁਰਮੁਖ** ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥*
***ਗੁਰਮੁਖਾ** ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥*
*ਗੁਨ ਗੋਵਿੰਦ **ਗੁਰਮੁਖਿ** ਨ ਜਪਿਆ ਤਪਤ ਥੰਮ੍ਹ ਗਲਿ ਲਾਤਿਆ ॥*

**੮) ਮਾਇਆ**: ਮਾਇਆ ਸਿਰਫ ਧੰਨ ਦੌਲਤ ਹੀ ਨਹੀ, ਇਹ ਉਹ ਹਰੇਕ ਸ਼ੈ/ਚੀਜ ਹੈ ਜਿਸ ਨਾਲ ਰੱਬ ਭੁਲ ਜਾਵੇ ਅਤੇ ਉਸ ਸ਼ੈ ਵਿਚ ਰੁਝਾਓ ਬਣ ਜਾਵੇ।

***ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ੯੨੧***

This is Maya, by which the Lord is forgotten; emotional attachment and love of duality well up.

**੯) ਭਰਮ:** ਮਾਇਆ, ਧੋਖਾ, ਦੁਬਦਾ ਆਦਿ ਇਸਦੇ ਹੀ ਨਾਮ ਹਨ।

***ਧਨਾਸਰੀ ਮਹਲਾ ੯ ॥ ਸਾਧੋ ਇਹੁ ਜਗੁ ਭਰਮ ਭੁਲਾਨਾ ॥***
***ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥ ੧ ॥੬੮੩***

## ੧੦) ਅੰਮ੍ਰਿਤਸਰ, ਸਰੋਵਰ ਅਤੇ ਤੀਰਥ:

ਗੁਰਮਤਿ ਅਨੁਸਾਰ ਸਚਾ ਅੰਮ੍ਰਿਤਸਰੁ ਸਾਡੀ ਕਾਇਆ ਅੰਦਰ ਹੈ ਜਿਸ ਵਿਚ ਜਦੋਂ ਇਹ ਮਨੁ ਨਾਮ ਜਪ ਕੇ ਵਾਹਿਗੁਰੂ ਦੀ ਕਿਰਪਾ ਸਦਕਾ ਅੰਮ੍ਰਿਤ ਪੀਂਦਾ ਹੈ , ਇਸਨਾਨੁ ਕਰਦਾ ਹੈ ਤਾਂ ਇਹ ਮਨ ਕਊਏ ਤੋਂ ਹੰਸੁ ਹੋ ਜਾਂਦਾ ਹੈ॥ ਗੁਰਮਤਿ ਅਨੁਸਾਰ ਪਾਪ, ਤ੍ਰਿਸ਼ਨਾ ਜਾਂ ਰੋਗ ਆਦਿ

ਨਾਮ ਜਪ ਕੇ ਹੀ ਦੂਰ ਹੋ ਸਕਦੇ ਹਨ । ਉਪਰੋਕਤ ਅੰਮ੍ਰਿਤਸਰ, ਸਰੋਵਰ ਅਤੇ ਤੀਰਥ ਦੀ ਪਰਿਭਾਸ਼ਾ ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਸਪਸ਼ਟ ਕਰਦੀਆਂ ਹਨ।

*ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ ॥ ੪ ॥ ੧੦੪੬*

*ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ ॥ ੫੧੦*

*ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥ ੧ ॥ ੧੧੪*

*ਅੰਮ੍ਰਿਤ ਸਰੁ  ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥ ੪੯੩*

*ਮਃ ੪ ॥ ਗੁਰ  ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ੩੦੫*

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ੬੮੭*

*ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ੫੮੭*

*ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥ ੯੬੨*

## ੧੧) ਇਸਨਾਨੁ/ ਨਾਵਣੁ:

ਸਰੀਰਕ ਇਸਨਾਨ ਦਾ ਮਹਾਤਮ ਸਰੀਰਕ ਸਫਾਈ ਤੋਂ ਵਧ ਕੇ ਨਹੀ ਹੈ। ਹੋਰ ਕਿਸੇ ਆਸ਼ੇ ਨਾਲ **ਤੀਰਥਾਂ ਤੇ** ਸਰੋਵਰਾਂ ਵਿਚ ਇਸਨਾਨ ਕਰਨਾ ਗੁਰਮਤਿ ਅਨੁਸਾਰ ਫਾਇਦੇ ਦੀ ਥਾਂ ਨੁਕਸਾਨ ਦਾਇਕ ਹੈ ਅਤੇ ਦੂਜੇ ਭਾਉ ਵਿਚ ਪੈਣਾ ਹੈ। ਪਾਪ ਜਾਂ ਰੋਗ ਸਿਰਫ ਪ੍ਰਮੇਸਰ ਦਾ ਨਾਮ ਹੀ ਦੂਰ ਕਰ ਸਕਦਾ ਹੈ। ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਸਪਸ਼ਟ ਕਰਦੀਆਂ ਹਨ।

ਪੂਜਹੁ ਰਾਮੁ ਏਕੁ ਹੀ ਦੇਵਾ॥
ਸਾਚਾ  ਨਾਵਣੁ ਗੁਰ ਕੀ ਸੇਵਾ ॥ ੧ ॥ ਰਹਾਉ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥ ੨ ॥੪੮੪

ਅੰਤਰਿ  ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥

ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥ ੩ ॥ ੪੯੮

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ੬੮੭

ਮਃ ੧ ॥ ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥ ੨ ॥ ੭੮੯

ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥ ੧੪੬

ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮ ਪੁਰਿ ਬਾਂਧਿ ਖਰੇ ਕਾਲੰਕ ॥ ੨ ॥ ੧੩੪੮

**੧੩) ਨਿਰਭਉ:** ਸਦਾ ਸਦਾ; ਮਾਇਆ ਤੋਂ ਪਰੇ; ਅਸਥਿਰੁ; ਕਾਇਮ; ਥਿਰੁ; ਜੋ ਮਾਇਆ ਦੇ ਭਉ(ਚਕਰ) ਵਿਚ ਨਹੀ; ਅਕਾਲ  ਪੁਰਖ;

ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ
ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ
ਕਿਸੈ ਕਾ ਗਵਾਇਆ ਨ  ਜਾਈ ॥ ੭੩੪

ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ  ॥ ੨ ॥੧੮੪

*ਨਿਰਭਉ ਹੋਇ ਭਜਹੁ ਭਗਵਾਨ ॥ ਸਾਧਸੰਗਤਿ  ਮਿਲਿ ਕੀਨੋ ਦਾਨੁ ॥ ੩ ॥੨੦੧*

*ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ ॥ ੩੬੫*

*ਇਹੁ ਮਨੁ ਨਿਰਭਉ ਗੁਰਮੁਖਿ  ਨਾਮਿ ॥੪੧੫*

**੧੪) ਭੈ:** ਭੈ ਦੇ ਦੋ ਅਰਥ ਹਨ

ੳ) ਭੈ = ਮਾਇਆ; ਮਾਇਆ ਦਾ ਭਉ(ਚਕਰ)

ਨਿਰਭੈ = ਨਿਰਭਉ:  ਸਦਾ ਸਦਾ; ਮਾਇਆ ਤੋਂ ਪਰੇ; ਅਸਥਿਰੁ; ਕਾਇਮ; ਥਿਰੁ; ਜੋ ਮਾਇਆ ਦੇ ਭਉ(ਚਕਰ) ਵਿਚ ਨਹੀ; ਅਕਾਲ  ਪੁਰਖ;

ਅ) ਭੈ = ਡਰ, ਨਿਰਭੈ = ਨਿਡਰ

**ੳ) ਭੈ = ਮਾਇਆ; ਮਾਇਆ ਦਾ ਭਉ(ਚਕਰ)**

*ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ ॥*
*ਨਿਰਭੈ ਹੋਇ ਨ ਹਰਿ  ਭਜੇ ਮਨ ਬਉਰਾ ਰੇ*
*ਗਹਿਓ ਨ ਰਾਮ ਜਹਾਜੁ ॥ ੧ ॥ ਰਹਾਉ ॥੩੩੬*
*ਕਹਤ ਨਾਮਦੇਉ ਤਾ ਚੀ ਆਣਿ ॥*
*ਨਿਰਭੈ ਹੋਇ ਭਜੀਐ ਭਗਵਾਨ ॥ ੪ ॥੧੨੫੨*
ਨਿਰਭੈ = ਮਾਇਆ ਤੋਂ ਪਰੇ

*ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ ॥ ੧ ॥੬੩੬*
ਭੈ = ਮਾਇਆ

**ਅ) ਭੈ = ਡਰ**

*ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥੭੮੮*
*ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥੫੧੬*
ਭੈ = ਡਰ

## ੧੫) ਤਖਤੁ:

ਸਚਾ ਤਖਤੁ ਸਿਰਫ ਵਾਹਿਗੁਰੂ ਦਾ ਹੈ ਤੇ ਸਾਡੀ ਕਾਇਆ ਅੰਦਰ ਹੈ। ਮਨੁੱਖ ਕਿਸ ਤਰਾਂ ਇਸ ਤਖਤੁ ਤੇ ਬੈਠ ਸਕਦਾ ਹੈ ਅਤੇ ਇਸ ਤਖਤੁ ਤੇ ਬੈਠੇ ਦੇ ਕੀ ਲਛਣ ਹੁੰਦੇ ਹਨ?

**ੳ) ਸਚਾ ਤਖਤੁ ਸਿਰਫ ਵਾਹਿਗੁਰੂ ਦਾ ਹੈ:**

*ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥੯੬੪*

*ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥ ੯੪੭*

*ਸਚਾ ਆਪਿ ਤਖਤੁ ਸਚਾ ਬਹਿ ਸਚਾ  ਕਰੇ ਨਿਆਉ ॥੯੪੯*

**ਅ) ਤਖਤੁ ਸਾਡੀ ਕਾਇਆ ਅੰਦਰਿ ਹੈ:**

*ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥੧੦੯੨*

*ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ॥੧੨॥੧੦੩੯*

**ੲ) ਮਨੁਖ ਕਿਸਤਰਾਂ ਇਸ ਤਖਤੁ ਤੇ ਬੈਠ ਸਕਦਾ ਹੈ ਅਤੇ ਇਸ ਤਖਤੁ ਤੇ ਬੈਠੇ ਦੇ ਕੀ ਲਛਣ ਹੁੰਦੇ ਹਨ :**

ਜਦੋਂ ਮਨੁਖ ਦੇ ਪੰਜ ਚੋਰ(ਕਾਮ, ਕਰੋਧ, ਲੋਭ, ਮੋਹ, ਹੰਕਾਰ) ਵੱਸ ਆ ਜਾਂਦੇ ਹਨ, ਮਨ ਟਿੱਕ ਜਾਂਦਾ ਹੈ ਤੇ ਨਾਮੁ ਹਿਰਦੇ ਅੰਦਰ ਵੱਸ ਜਾਂਦਾ ਹੈ।

*ਤਖਤ ਨਿਵਾਸੀ ਪੰਚ ਸਮਾਇ ॥੪੧੧*

*ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ ॥੫੧੫*

*ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥੧੦੫੬*